ਉਨ੍ਹਾਂ ਕਿਹਾ ਕਿ ਹਾਕੀ ਦੇ ਜਾਦੂਗਰ ਧਿਆਨ ਚੰਦ ਵਰਗੇ ਖਿਡਾਰੀਆਂ ਸਦਾ ਦੀ ਪ੍ਰਤਿਭਾ ਅੱਗੇ ਅੱਜ ਵੀ ਜਰਮਨ, ਫਰਾਂਸ

ਹਨ। ਇਸ ਤੋਂ ਇਲਾਵਾ ਉਨ੍ਹਾਂ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਵੀ ਕੀਤਾ।

ਇਸ ਮੌਕੇ ਸੁਰਜੀਤ ਸਿੰਘ ਵਿੱਕੀ,

ਸਿੰਘ ਸਿਉਨਾ, ਤਰਸੇਮ ਸਿੰਘ ਸਿਉਨਾ ਅਤੇ ਜਿੰਦਰ ਕਸਿਆਣਾ ਤੋਂ ਇਲਾਵਾ ਨਗਰ ਵਾਸੀ ਅਤੇ ਖੇਡ ਪ੍ਰੇਮੀ ਸ਼ਾਮਲ ਹੋਏ।

# 'ਲੋਕਾਂ ਨੂੰ ਕੰਨਾਂ ਦੀ ਸਿਹਤ ਪ੍ਰਤੀ ਜਾਗਰੂਕ ਹੋਣ ਦੀ ਲੋੜ'

ਪਟਿਆਲਾ, 28 ਸਤੰਬਰ (ਪਰਮੀਤ)- ਸਿਹਤ ਵਿਭਾਗ ਪਟਿਆਲਾ ਵੱਲੋਂ ਵਿਸ਼ਵ ਬੋਲਾਪਣ ਸਪਤਾਹਿਕ ਦਿਵਸ ਮੌਕੇ ਸਿਵਲ ਸਰਜਨ ਡਾ. ਸ਼ੈਲੀ ਜੇਤਲੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਮੈਡੀਕਲ ਸੁਪਰਡੈਂਟ ਮਾਤਾ ਕੁਸ਼ੱਲਿਆ ਹਸਪਤਾਲ ਡਾ. ਵਿਕਾਸ ਗੋਇਲ ਦੀ ਅਗਵਾਈ ਹੇਠ ਮਾਤਾ ਕੁਸ਼ੱਲਿਆ ਹਸਪਤਾਲ ਵਿਖੇ ਕੰਨਾਂ ਦੀ ਸਿਹਤ ਅਤੇ ਸੁਣਨ ਸ਼ਕਤੀ ਦੀ ਸੰਭਾਲ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਸੁਣਨ ਸ਼ਕਤੀ 'ਚ ਕਮੀ ਇਕ ਆਮ ਸਮੱਸਿਆ ਹੈ, ਜਿਸ ਦੀ ਸਮੇਂ ਸਿਰ ਪਛਾਣ ਅਤੇ ਇਲਾਜ ਨਾਲ ਇਸ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ।



ਮਰੀਜ਼ਾਂ ਨੂੰ ਜਾਗਰੂਕ ਕਰਦੀ ਸਿਹਤ ਵਿਭਾਗ ਦੀ ਟੀਮ। (ਸੁੰਦਰ)

ਇਸ ਮੌਕੇ ਮੈਡੀਕਲ ਸੁਪਰਡੈਂਟ ਡਾ. ਵਿਕਾਸ ਗੋਇਲ ਨੇ ਕਿਹਾ ਕਿ ਬੱਚਿਆਂ 'ਚ ਸੁਣਨ ਦੀ ਸਮੱਸਿਆ ਦੀ ਜਲਦ ਪਛਾਣ ਬਹੁਤ ਮਹੱਤਵਪੂਰਨ ਹੈ ਕਿਉਂਕਿ ਸੁਣਨ ਦੀ ਸਮਰੱਥਾ ਦਾ ਬੱਚੇ ਦੀ ਬੋਲੀ, ਭਾਸ਼ਾ ਅਤੇ ਸਿੱਖਿਆ ਦੇ ਵਿਕਾਸ ਨਾਲ ਸਿੱਧਾ ਸਬੰਧ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚੇ 'ਚ ਸੁਣਨ ਸਬੰਧੀ ਕੋਈ ਸਮੱਸਿਆ ਨਜ਼ਰ ਆਉਣ 'ਤੇ ਤੁਰੰਤ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾਵੇ।

ਇਸ ਮੌਕੇ ਈ. ਐੱਨ. ਟੀ. ਮਾਹਿਰ ਡਾ. ਗਗਨਦੀਪ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਤੇਜ਼ ਆਵਾਜ਼ ਅਤੇ ਲੰਬੇ ਸਮੇਂ ਤੱਕ ਉੱਚੀ ਆਵਾਜ਼ ਦੇ ਸੰਪਰਕ ਤੋਂ ਬਚਿਆ ਜਾਵੇ, ਕੰਨਾਂ 'ਚ ਨੁਕੀਲੀਆਂ ਵਸਤਾਂ ਨਾ ਪਾਈਆਂ ਜਾਣ। ਸੁਨਣ ਸ਼ਕਤੀ 'ਚ ਕਮੀ, ਕੰਨਾਂ 'ਚ ਦਰਦ, ਆਵਾਜ਼ ਜਾਂ ਹੋਰ ਸਮੱਸਿਆ ਹੋਣ 'ਤੇ ਮਾਹਿਰ ਡਾਕਟਰਾਂ ਦੀ ਸਲਾਹ ਲਈ ਜਾਵੇ।

ਮਹਿੰਦਰ ਸਿੰਘ, ਮਨਪ੍ਰੀਤ ਸਿੰਘ ਡੌਲੀ ਆਦਿ ਨੇ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ।

# ਪਬਲਿਕ ਕਾਲਜ 'ਚ ਲਾਇਆ ਸਿਹਤ ਜਾਂਚ ਕੈਂਪ



*ਸਮਾਣਾ, (ਦਰਦ)- ਪਬਲਿਕ ਕਾਲਜ ਸਮਾਣਾ ਵਿਖੇ ਆਈ. ਕਿਊ. ਏ. ਸੈੱਲ ਵੱਲੋਂ ਹੈਲਥ ਕਮੇਟੀ ਦੇ ਸਹਿਯੋਗ ਨਾਲ ਸਿਹਤ ਜਾਂਚ ਕੈਂਪ ਲਾਇਆ ਗਿਆ। ਇਸ 'ਚ ਐੱਨ. ਐੱਸ. ਐੱਸ. ਇਕਾਈਆਂ ਅਤੇ ਰੈੱਡ ਰਿਬਨ ਕਲੱਬ ਵੱਲੋਂ ਵੀ ਸਰਗਰਮ ਭੂਮਿਕਾ ਨਿਭਾਈ ਗਈ। ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਦੀ ਅਗਵਾਈ ਹੇਠ ਲਾਏ ਕੈਂਪ ਮੌਕੇ ਸਿਵਲ ਹਸਪਤਾਲ ਸਮਾਣਾ ਤੋਂ ਮੈਡੀਸਨ ਦੇ ਡਾ. ਜਿਤੇਨ ਡਾਹਰਾ, ਅੱਖਾਂ ਦੇ ਮਾਹਿਰ ਡਾ. ਗੁਰਪ੍ਰੀਤ ਸਿੰਘ ਅਤੇ ਈ. ਐੱਨ. ਟੀ. ਡਾ. ਸਚਿਵ ਗਰਗ ਨੇ ਕਾਲਜ ਦੇ ਕਰੀਬ 200 ਵਿਦਿਆਰਥੀਆਂ ਤੋਂ ਇਲਾਵਾ ਅਧਿਆਪਕਾਂ, ਨਾਨ-ਟੀਚਿੰਗ ਸਟਾਫ ਅਤੇ ਸਾਰੇ ਸਪੋਰਟਿਵ ਸਟਾਫ ਦੀ ਸਿਹਤ ਦੀ ਜਾਂਚ ਕੀਤੀ ਗਈ।*

*ਇਸ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਐੱਚ. ਆਈ. ਵੀ./ਏਡਸ ਸਬੰਧੀ ਵਿਸ਼ੇਸ਼ ਜਾਗਰੂਕਤਾ ਜਾਣਕਾਰੀ ਵੀ ਦਿੱਤੀ ਗਈ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਹਰਕੀਰਤਨ ਕੌਰ, ਪ੍ਰੋ. ਜਸਵਿੰਦਰਬੀਰ ਸਿੰਘ, ਡਾ. ਪੀ. ਐੱਸ. ਸੰਧੂ, ਪ੍ਰੋ. ਪੂਨਮ ਧੀਮਾਨ, ਡਾ. ਸੁਮਨ ਰਾਹੀ, ਪ੍ਰੋ. ਸੋਨੂੰ ਜੈਨ ਅਤੇ ਡਾ. ਕੁਲਜੀਤ ਕੌਰ ਸਮੇਤ ਕਾਲਜ ਦੇ ਹੋਰ ਅਧਿਆਪਕ ਅਤੇ ਸਟਾਫ ਮੈਂਬਰ ਵੀ ਮੌਜੂਦ ਰਹੇ।* (ਗੁਪਤਾ)


**ਬੈਂਕ ਆਫ ਬੜੌਦਾ**
**Bank of Baroda**

ਰੋਸਰਬ, ਰੀਜਨਲ ਆਫਿਸ, 24 ਵਿਜੇ ਨਗਰ, ਜਲੰਧਰ-144001
ਫੋਨ : 9148367501, ਈ-ਮੇਲ : sarjal@bankofbaroda.com

**ਈ-ਨਿਲਾਮੀ ਵਿਕਰੀ ਨੋਟਿਸ**

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ ਅਪੈਂਡਿਕਸ-IV-A (ਰੂਲ 6(2) ਤੇ 8(6) ਦੀ ਪ੍ਰੋਵਿਜ਼ੋ ਦੇਖੋ)**

**ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 6(2) ਤੇ 8(6) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।**

ਆਮ ਜਨਤਾ ਨੂੰ ਆਮ ਤੌਰ 'ਤੇ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ), ਮਾਰਟਗੇਜਰ (ਾਂ) ਅਤੇ ਗਾਰੰਟਰ (ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਅਚੱਲ ਜਾਇਦਾਦ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ ਦੇ ਅਧਿਕਾਰਤ ਅਧਿਕਾਰੀ, ਸਕਿਓਰਡ ਕ੍ਰੈਡਿਟਰ ਵੱਲੋਂ ਲੈ ਲਿਆ ਗਿਆ ਹੈ, ਦੀ ਵਿਕਰੀ ਹੇਠਾਂ ਦੱਸੇ ਖਾਤੇ/ਖਾਤਿਆਂ ਦੇ ਬਕਾਇਆਂ ਦੀ ਵਸੂਲੀ ਲਈ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਕਰ ਦਿੱਤੀ ਜਾਵੇਗੀ। ਕਰਜ਼ਦਾਰ (ਾਂ)/ਮਾਰਟਗੇਜਰ(ਾਂ)/ਗਾਰੰਟਰ(ਾਂ)/ਸਕਿਓਰਡ ਅਸਾਸੇ/ਅਸਾਸਿਆਂ/ਬਕਾਇਆ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਤੇ ਸਮਾਂ, ਈ. ਐੱਮ. ਡੀ. ਤੇ ਵਧੀ ਹੋਈ ਬੋਲੀ ਰਕਮ ਬਾਰੇ ਹੇਠਾਂ ਵਰਣਨ ਕੀਤਾ ਗਿਆ ਹੈ—

| ਲੜੀ ਨੰ | ਕਰਜ਼ਦਾਰ (ਾਂ)/ਗਾਰੰਟਰ (ਾਂ)/ ਮਾਰਟਗੇਜਰ (ਾਂ) ਦਾ ਨਾਂ ਤੇ ਪਤਾ | ਜਾਣੂ ਭਾਰਾਂ (ਜੇ ਕੋਈ ਹੋਣ) ਸਮੇਤ ਜਾਇਦਾਦ ਦਾ ਸੰਖੇਪ ਵੇਰਵਾ (ਗਿਰਵੀ ਰੱਖੀ ਗਈ) | ਕੁੱਲ ਬਕਾਏ | ਰਾਖਵੀਂ ਕੀਮਤ<br>ਈ. ਐੱਮ. ਡੀ.<br>ਬੋਲੀ ਵਾਧਾ ਰਕਮ | ਈ-ਨਿਲਾਮੀ ਦੀ ਮਿਤੀ<br>ਈ-ਨਿਲਾਮੀ ਦਾ ਸਮਾਂ<br>ਸ਼ੁਰੂ ਹੋਣ ਤੋਂ ਬੰਦ ਹੋਣ ਦਾ ਸਮਾਂ | ਕਬਜ਼ੇ ਦੀ ਸਥਿਤੀ<br>ਜਾਇਦਾਦ ਦੀ ਜਾਂਚ ਦੀ ਮਿਤੀ ਤੇ ਸਮਾਂ | ਅਧਿਕਾਰਤ ਅਧਿਕਾਰੀ ਦੇ ਵੇਰਵੇ |
|---|---|---|---|---|---|---|---|
| (1) | ਕਰਜ਼ਦਾਰ : ਮੈਸਰਜ਼ ਅਲਪਾਈਨ ਐਂਟਰਪ੍ਰਾਈਜ਼ਿਜ਼ ਮਾਲਕ ਜਸਵਿੰਦਰ ਸਿੰਘ ਪੁੱਤਰ ਜਗਤਾਰ ਸਿੰਘ (1) ਪਤਾ : ਐੱਸ. ਸੀ. ਓ. 126, ਐੱਸ. ਬੀ. ਆਈ. ਤੋਂ ਉੱਪਰ, ਢਕੋਲੀ ਕਾਲੋਨੀ, ਪਟਿਆਲਾ ਰੋਡ, ਜ਼ੀਰਕਪੁਰ। (2) ਪਤਾ 2 : ਐੱਸ. ਸੀ. ਐੱਫ. 7, ਦੂਜੀ ਮੰਜ਼ਿਲ, ਅਰਬਨ ਅਸਟੇਟ ਫੇਜ਼-II, ਪਟਿਆਲਾ। (3) ਸ਼੍ਰੀ ਜਸਵਿੰਦਰ ਸਿੰਘ ਪੁੱਤਰ ਜਗਤਾਰ ਸਿੰਘ, ਮਾਲਕ ਮੈਸਰਜ਼ ਅਲਪਾਈਨ ਐਂਟਰਪ੍ਰਾਈਜ਼ਿਜ਼, ਮਕਾਨ ਨੰਬਰ 76 ਬੀ, ਗਲੀ ਨੰਬਰ 6, ਵਿਰਕ ਕਾਲੋਨੀ, ਪਟਿਆਲਾ। (4) ਸ਼੍ਰੀ ਜਗਤਾਰ ਸਿੰਘ ਪੁੱਤਰ ਸ਼੍ਰੀ ਸ਼ਿੰਗਾਰਾ ਸਿੰਘ, ਮਕਾਨ ਨੰਬਰ 76 ਬੀ, ਗਲੀ ਨੰਬਰ 6, ਵਿਰਕ ਕਾਲੋਨੀ, ਪਟਿਆਲਾ। | ਸ਼੍ਰੀ ਜਗਤਾਰ ਸਿੰਘ ਪੁੱਤਰ ਸ਼੍ਰੀ ਸ਼ਿੰਗਾਰਾ ਸਿੰਘ ਦੇ ਪੱਖ ਵਿਚ ਰਿਹਾਇਸ਼ੀ ਜਾਇਦਾਦ ਦੀ ਇਕਵੀਟੇਬਲ ਮਾਰਟਗੇਜ, ਜਿਸ ਦਾ ਮਕਾਨ ਨੰਬਰ 76 ਬੀ, ਖੇਵਟ ਨੰਬਰ 748, ਖਤੌਨੀ ਨੰਬਰ 759, ਖਸਰਾ ਨੰਬਰ 233 (4-2), ਤੇਦਾਦੀ 1/41 ਹਿੱਸਾ ਭਾਵ 0-2 ਬਿਸਵੇ ਜ਼ਮੀਨ, ਰਕਬਾ 04 ਵਿੱਘੇ ਹੈ, ਜੋ ਕਿ ਗਲੀ ਨੰਬਰ 6, ਵਿਰਕ ਕਾਲੋਨੀ, ਪਿੰਡ ਰਸੂਲਪੁਰ ਸੈਦਾਂ, ਤਹਿਸੀਲ ਤੇ ਜ਼ਿਲਾ ਪਟਿਆਲਾ ਵਿਖੇ ਸਥਿਤ ਹੈ। ਪੂਰਬ : ਸੜਕ (18'-4"), ਪੱਛਮ : ਬਣਿਆ ਹੋਇਆ ਮਕਾਨ (18'-4"), ਉੱਤਰ : ਬਿੱਕਰ ਸਿੰਘ ਦਾ ਮਕਾਨ (49'-0"), ਦੱਖਣ : ਬਣਿਆ ਹੋਇਆ ਮਕਾਨ (49'-0")। | 20,94,820.83 ਰੁ. (ਸਿਰਫ ਵੀਹ ਲੱਖ ਚੁਰੰਨਵੇਂ ਹਜ਼ਾਰ ਅੱਠ ਸੌ ਵੀਹ ਰੁਪਏ ਤੇ ਤਰਿਆਸੀ ਪੈਸੇ) ਜਮ੍ਹਾ ਕਾਨੂੰਨੀ ਤੇ ਹੋਰ ਖਰਚੇ ਭਵਿੱਖੀ ਵਿਆਜ ਦੇ ਨਾਲ ਭੁਗਤਾਨ ਦੀ ਮਿਤੀ ਤਕ। | 17,44,200 ਰੁਪਏ<br>1,74,400 ਰੁਪਏ<br>5,000 ਰੁਪਏ<br>ਪਹਿਲੀ ਬੋਲੀ ਵਧੀ ਹੋਈ ਕੀਮਤ ਭਾਵ 17,49,200 ਰੁਪਏ ਹੋਵੇਗੀ। | 17.10.2026 ਬਾ. ਦੁ. 2 ਵਜੇ ਤੋਂ ਸ਼ਾਮ 6 ਵਜੇ<br>ਬਾ. ਦੁ. 2 ਵਜੇ ਤੋਂ ਸ਼ਾਮ 6 ਵਜੇ ਜਲੰਧਰ ਵਿਖੇ | ਭੌਤਿਕ ਕਬਜ਼ਾ<br>ਸਿਰਫ ਅਪੁਆਇੰਟਮੈਂਟ ਰਾਹੀਂ | ਸ਼੍ਰੀਮਤੀ ਗਿਰਜਾ ਸੰਪਰਕ ਨੰ. 78149-62135 |

**ਵਿਕਰੀ ਦੇ ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ ਵੈੱਬਸਾਈਟ ਲਿੰਕ https://www.bankofbaroda.bank.in/e-auction.htm ਅਤੇ ਆਨਲਾਈਨ ਨਿਲਾਮੀ ਪੋਰਟਲ https://Baanknet.com ਦੇਖੋ। ਇਸ ਤੋਂ ਇਲਾਵਾ ਹਿਤਬੱਧ ਬੋਲੀਕਾਰ ਉੱਪਰ ਦੱਸੇ ਗਏ ਟੈਲੀਫੋਨ ਨੰਬਰ 'ਤੇ ਅਧਿਕਾਰਤ ਅਧਿਕਾਰੀ ਨਾਲ ਸੰਪਰਕ ਕਰ ਸਕਦੇ ਹਨ।**

ਈ. ਐੱਮ. ਡੀ. ਪੇਸ਼ ਕਰਨ ਦੀ ਅੰਤਿਮ ਮਿਤੀ : ਈ-ਨਿਲਾਮੀ ਦੀ ਮਿਤੀ ਤੇ ਸਮੇਂ 'ਤੇ ਜਾਂ ਪਹਿਲਾਂ, ਈ-ਨਿਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ : 17.10.2026 ਬਾ. ਦੁ. 2 ਵਜੇ ਤੋਂ ਸ਼ਾਮ 6 ਵਜੇ

**ਇਸ ਨੂੰ ਸਰਫੇਸੀ ਐਕਟ 2002 ਤਹਿਤ 15 ਦਿਨਾ ਵਿਧਾਨਕ ਵਿਕਰੀ ਨੋਟਿਸ ਸਮਝਿਆ ਜਾਵੇ।**

ਮਿਤੀ : 29.09.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ (ਬੈਂਕ ਆਫ ਬੜੌਦਾ)